# ਸ਼ਬਦ

ISSN 2278-5167

## 17 ਸਪਲੀਮੈਂਟ



ਜੁਲਾਈ-ਸਤੰਬਰ
2012
ਮੁੱਲ : 15 ਰੁਪਏ

**ਹਰਜਿੰਦਰ ਸਿੰਘ ਸੂਰੇਵਾਲੀਆ**

ISSN 2278-5167

# ਸ਼ਬਦ
ਸਪਲੀਮੈਂਟ

ਸਾਲ : ਚੌਦਵਾਂ ਪੁ : ਲੜੀ : ਸਤਾਰਾਂ ਜੁਲਾਈ-ਸਤੰਬਰ, 2012

ਸੰਪਾਦਕ
**ਜਿੰਦਰ**
984, Model House,
Near Surinder Welding Works, Jalandhar-144003
Mobile : 98148 03254 Email : saifsm20@yahoo.com

ਮੁਖ ਸੰਪਾਦਕ
**ਹਰਜੀਤ ਅਟਵਾਲ**
67, Hillside Road, Southall
Middlesex, UB1 2PE
England.
Ph. : 020-85780393
Mobile : 07782-265726 e mail: harjeetatwal@yahoo.co.uk

**ਹਰਮਹਿੰਦਰ ਚਹਿਲ**
7305, Sterling Grove Dr.
Springfield VA 22150 U.S.A.
Email : Chahals57@Yahoo.com Ph. 001-703-362-3239

**ਪ੍ਰੇਮ ਮਾਨ**
44 Rock Spring Road
West Orange, NJ 07052
U.S.A.
Phone : 001-860-983-5002 Email: premmann@yahoo.com

ਮੁੱਲ-15ਰੁਪਏ

*Managing Editor*
***Shiv, Vinod Kumar***
984, Model House, Near Surinder Welding Works, Jalandhar-144003
Mobile No.94649-34106
Email: saifsm20@yahoo.com

ਨੋਟ : 'ਅਦਾਰਾ ਸ਼ਬਦ' ਦਾ ਲੇਖਕਾਂ ਦੇ ਵਿਚਾਰਾਂ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ।
ਕਿਸੇ ਵੀ ਕਾਨੂੰਨੀ ਝਗੜੇ ਲਈ ਲੇਖਕ ਆਪ ਜ਼ੁੰਮੇਵਾਰ ਹੋਵੇਗਾ।

ਜਿੰਦਰ ਮਾਲਕ ਤੇ ਪ੍ਰਕਾਸ਼ਕ ਨੇ ਸੈਫ ਡਿਜ਼ਾਇਨਰ ਇਨ ਪ੍ਰਿੰਟਰ ਤੋਂ ਕੰਪੋਜ਼ ਕਰਵਾ ਕੇ ਛਾਪੜਾ ਪ੍ਰਿੰਟਿੰਗ ਪ੍ਰੈਸ, ਡੰਨ ਮੁਹੱਲਾ, ਜਲੰਧਰ ਤੋਂ ਛਪਵਾ ਕੇ 984, ਮਾਡਲ ਹਾਊਸ, ਜਲੰਧਰ ਤੋਂ ਜਾਰੀ ਕੀਤਾ।

ਮੁੰਡਿਆਂ ਨੂੰ ਕਹਿ ਦਿੱਤਾ ਸੀ।

ਉਸਦੀ ਇਹ ਗੱਲ ਸੁਣ ਕੇ ਹੀ ਕਰਮਜੀਤ ਕਹਿੰਦਾ ਹੈ –

– ਹਾਂ ਬਹੁਤ ਹੀ ਨਸ਼ਾ ਹੋ ਗਿਆ ਸੀ।

ਇਸ ਤਰ੍ਹਾਂ ਇਸ ਕਹਾਣੀ ਵਿੱਚ ਨਸ਼ੇ ਨੂੰ ਭਾਵਵਾਚੀ ਕੋਡ ਰਾਹੀਂ ਪੇਸ਼ ਕਰਕੇ ਕਥਾ ਸੂਤਰਾਂ ਨੂੰ ਜੋੜਿਆ ਗਿਆ ਹੈ। ਵਿਸ਼ਾ ਭਾਵੇਂ ਆਦਿ ਕਾਲੀ ਹੈ, ਕਿਉਂਕਿ ਪਿਆਰ ਇੱਕ ਅਜਿਹਾ ਘਟਕ ਹੈ ਜਿਸਦੀਆਂ ਅਣਗਿਣਤ ਦਿਸ਼ਾਵਾਂ ਹਨ। ਹਰ ਦਿਸ਼ਾ ਵਿੱਚ ਨਵੇਂ ਅਰਥ ਅਤੇ ਨਵੀਆਂ ਚਿਹਨਦੀ ਰੂੜੀਆਂ ਪਈਆਂ ਹਨ। ਲੇਖਕ ਜਦੋਂ ਕਥਾ ਦੇ ਸੰਸਾਰ ਨੂੰ ਉਸਾਰਦਾ ਹੈ ਤਾਂ ਉਹ ਇਕ ਨਿਸਚਿਤ ਥੀਮ ਅਤੇ ਕੁੰਜੀਵਤ ਸ਼ਬਦ ਦੇ ਸੰਕੇਤ ਰਾਹੀਂ ਆਪਣਾ ਪੈਗਾਮ ਦੇਂਦਾ ਹੈ। ਇਹ ਕਹਾਣੀ ਸਾਧਾਰਣ ਵੇਰਵਿਆਂ ਅਤੇ ਸਾਧਾਰਣ ਭਾਸ਼ਾ ਵਿੱਚ ਲਿਖੀ ਹੋਣ ਦੇ ਬਾਵਜੂਦ ਪਿਆਰ ਛੋਹ ਦੇ ਜਾਦੂਮਈ ਨਸ਼ੇ ਨੂੰ ਅਗਰ ਭ੍ਰਮਿਤ ਕਰਦੀ ਹੈ।

## ਨਿਮਨ ਕਿਸਾਨੀ ਦੇ ਸੰਕਟਾਂ ਦਾ ਬਿਰਤਾਂਤ: ਤੂੰ ਕੱਲ੍ਹ ਨਾ ਆਵੀਂ

ਹਰਜਿੰਦਰ ਸਿੰਘ ਸਾਉਂਕੇ (ਮੁਕਤਸਰ)

ਸਮਕਾਲੀ ਪੰਜਾਬੀ ਕਹਾਣੀ ਜਗਤ ਵਿੱਚ ਡਾ: ਹਰਜਿੰਦਰ ਸਿੰਘ ਸੂਰੇਵਾਲੀਆ ਦਾ ਨਾਂ ਇੱਕ ਸਮਰੱਥ ਕਹਾਣੀਕਾਰ ਵਜੋਂ ਲਿਆ ਜਾਂਦਾ ਹੈ। ਉਹ ਪੰਜਾਬ ਦੇ ਮਾਲਵੇ ਖਿੱਤੇ ਦਾ ਅਜਿਹਾ ਮਹੱਤਵਪੂਰਨ ਕਥਾਕਾਰ ਹੈ ਜਿਹੜਾ ਮਾਲਵੇ ਦੇ ਪੇਂਡੂ ਤੇ ਸ਼ਹਿਰੀ ਸਮਾਜ ਸਭਿਆਚਾਰ ਵਿੱਚ ਵਿਚਰ ਰਹੇ ਸਾਧਾਰਨ ਬੰਦੇ ਦੇ ਜੀਵਨ ਵੇਰਵਿਆਂ ਨੂੰ ਆਪਣਾ ਕਥਾ ਵਸਤੂ ਬਣਾਉਂਦਾ ਹੈ। ਇਸੇ ਲਈ ਡਾ: ਬ੍ਰਹਮ ਜਗਦੀਸ਼ ਸਿੰਘ ਉਸ ਨੂੰ ਸਾਧਾਰਨ ਮਨੁੱਖ ਦੀ ਸਧਾਰਨਤਾ ਦਾ ਕਥਾਕਾਰ ਕਹਿੰਦਾ ਹੋਇਆ ਕੁਲਵੰਤ ਸਿੰਘ ਵਿਰਕ ਦੀ ਪਰੰਪਰਾ ਦਾ ਕਹਾਣੀਕਾਰ ਕਹਿੰਦਾ ਹੈ। ਹਰਜਿੰਦਰ ਸਰੇਵਾਲੀਆ ਦੀ ਇਹ ਖ਼ੂਬਸੂਰਤੀ ਹੈ ਕਿ ਉਹ ਸਾਧਾਰਨ ਬੰਦੇ ਦੇ ਸਾਧਾਰਨ ਜੀਵਨ ਵੇਰਵਿਆਂ ਵਿੱਚੋਂ ਵੀ ਬਹੁਤ ਵੱਡੇ ਅਰਥ ਸਿਰਜ ਲੈਂਦਾ ਹੈ। ਇਸੇ ਪਰਿਪੇਖ ਵਿੱਚ ਹੀ ਉਸ ਦੀ ਕਹਾਣੀ 'ਤੂੰ ਕੱਲ੍ਹ ਨਾ ਆਵੀਂ' ਨੂੰ ਵਿਚਾਰਿਆ ਜਾ ਸਕਦਾ ਹੈ।

'ਤੂੰ ਕੱਲ੍ਹ ਨਾ ਆਵੀਂ' ਕਹਾਣੀ ਮਾਲਵੇ ਦੀ ਨਿਮਨ ਕਿਸਾਨੀ ਦੇ ਜੀਵਨ ਯਥਾਰਥ ਨੂੰ ਆਪਣਾ ਵਿਸ਼ਾ ਵਸਤੂ ਬਣਾਉਂਦੀ ਹੈ। ਇਹ ਕਹਾਣੀ ਨਿਮਨ ਕਿਸਾਨੀ ਦੇ ਜੀਵਨ ਵਿਹਾਰ ਦੀ ਇਤਿਹਾਸ ਰੇਖਾ ਵਿੱਚ ਵਾਪਰਦੇ ਉਤਰਾਵਾਂ ਚੜ੍ਹਾਵਾਂ ਨੂੰ ਰਜਿਸਟਰ ਕਰਦੀ ਹੈ। ਕਹਾਣੀ ਸਮਕਾਲੀ ਦੌਰ ਵਿੱਚ ਨਿਮਨ ਕਿਸਾਨੀ ਦੀ ਨਿਘਰੀ ਹੋਈ ਹਾਲਤ ਨੂੰ ਹੀ ਪੇਸ਼ ਨਹੀਂ ਕਰਦੀ ਸਗੋਂ ਇਸ ਹਾਲਤ ਨੂੰ ਪੈਦਾ ਕਰਨ ਵਾਲੇ ਪ੍ਰੇਰਕਾਂ ਦੀ ਵੀ ਨਿਸ਼ਾਨਦੇਹੀ ਕਰਦੀ ਹੈ। ਕਹਾਣੀ ਦਰਸਾਉਂਦੀ ਹੈ ਕਿ ਕਿਵੇਂ ਪੰਜਾਬ ਦਾ ਨਿਮਨ ਕਿਸਾਨ ਖੇਤ ਮਾਲਕ ਦੀ ਹਸਤੀ ਤੋਂ ਮਨਫੀ ਹੁੰਦਾ ਹੋਇਆ ਖੁਦ ਸ਼ਹਿਰੀ ਮਜਦੂਰ ਦੀ ਹਸਤੀ ਵਿੱਚ ਬਦਲ ਜਾਂਦਾ ਹੈ। ਇਹ ਕਹਾਣੀ ਸੁਚੇਤ ਪ੍ਰਤੱਖ ਰੂਪ ਵਿੱਚ ਭਾਵੇਂ ਇੱਕ ਨਿਮਨ ਕਿਸਾਨ ਦੇ ਜੀਵਨ ਯਥਾਰਥ ਨੂੰ ਹੀ ਪੇਸ਼ ਕਰਦੀ ਹੈ ਪਰ ਅਚੇਤ ਅਪ੍ਰਤੱਖ ਰੂਪ ਵਿੱਚ ਪੰਜਾਬ ਦੀ ਸਮੁੱਚੀ ਨਿਮਨ ਕਿਸਾਨੀ ਦੇ ਸੰਕਟਾਂ ਸਮੱਸਿਆਵਾਂ ਦੁਸ਼ਵਾਰੀਆਂ ਨੂੰ ਸਮੱਗਰ ਰੂਪ ਵਿੱਚ ਪਾਠਕ ਦੇ

ਸਨਮੁੱਖ ਕਰਦੀ ਹੈ।

ਪੰਜਾਬ ਸ਼ੁਰੂ ਤੋਂ ਹੀ ਖੇਤੀ ਪ੍ਰਧਾਨ ਸੂਬਾ ਰਿਹਾ ਹੈ। ਪੰਜਾਬ ਹੀ ਨਹੀਂ ਸਗੋਂ ਭਾਰਤ ਦੀ ਅਰਥ ਵਿਵਸਥਾ ਵਿੱਚ ਕਿਸਾਨੀ ਦੀ ਅਹਿਮ ਭੂਮਿਕਾ ਰਹੀ ਹੈ। ਹਰੇ ਤੇ ਚਿੱਟੇ ਇਨਕਲਾਬ ਦਾ ਵਧੇਰੇ ਲਾਭ ਭਾਵੇਂ ਧਨੀ ਕਿਸਾਨੀ ਨੂੰ ਹੀ ਹੋਇਆ ਪਰ ਮਧਵਰਗੀ ਤੇ ਨਿਮਨ ਕਿਸਾਨੀ ਦੇ ਜੀਵਨ ਪੱਧਰ ਵਿੱਚ ਵੀ ਕੁੱਝ ਸ਼ਲਾਘਾਯੋਗ ਸੁਧਾਰ ਵਾਪਰੇ। ਹਰੇ ਅਤੇ ਚਿੱਟੇ ਇਨਕਲਾਬ ਨੇ ਕਿਸਾਨੀ ਨੂੰ ਰਵਾਇਤੀ ਖੇਤੀ ਅਤੇ ਰੂੜੀਵਾਦੀ ਸਾਮੰਤੀ ਕਦਰਾਂ ਕੀਮਤਾਂ ਤੋਂ ਮੁਕਤ ਹੋਣ ਲਈ ਵੀ ਨਵੀਂ ਸ਼ਕਤੀ ਦਿੱਤੀ। ਨਵੀਆਂ ਉਤਪਾਦਨ ਵਿਧੀਆਂ, ਸੁਧਰੇ ਬੀਜਾਂ, ਰਸਾਇਣਕ ਖਾਦਾਂ, ਕੀਟਨਾਸ਼ਕ ਦਵਾਈਆਂ, ਮੰਡੀ ਦੀ ਵਿਵਸਥਾ, ਵਿਦਿਆ ਦੇ ਪਾਸਾਰ, ਮੀਡੀਏ ਦੇ ਪ੍ਰਚਾਰ, ਆਵਾਜਾਈ ਦੇ ਸਾਧਨਾਂ ਅਤੇ ਬਿਜਲਈ ਉਪਕਰਨਾਂ ਆਦਿ ਦੀ ਵਰਤੋਂ ਨਾਲ ਪੰਜਾਬ 'ਚ ਖੇਤੀ ਦਾ ਮਸ਼ੀਨੀਕਰਨ ਅਤੇ ਜੀਵਨ ਜਾਂਚ ਦਾ ਸ਼ਹਿਰੀਕਰਨ ਹੁੰਦਾ ਹੈ। ਵਿਸ਼ਵੀਕਰਨ ਉਪਰੰਤ ਨਿਮਨ ਕਿਸਾਨੀ ਤਰੱਕੀ ਦੇ ਨਵੇਂ ਸੁਪਨਿਆਂ ਨਾਲ ਭਰੀ ਭਕੁੰਨੀ ਉਪਭੋਗੀ ਸੱਭਿਆਚਾਰ ਦੇ ਰਾਹ ਵੀ ਸੌਖਿਆ ਹੀ ਹੋ ਤੁਰਦੀ ਹੈ। ਪਰ ਜਦ ਮਸ਼ੀਨੀ ਖੇਤੀ ਕਾਰਨ ਲਾਗਤ ਖੇਤੀ ਵਿੱਚੋਂ ਹੋਣ ਵਾਲੇ ਉਤਪਾਦਨ ਤੋਂ ਵੀ ਵੱਧ ਜਾਂਦੀ ਹੈ, ਮੰਡੀਕਰਨ ਦਾ ਪ੍ਰਬੰਧ ਡਾਂਵਾ ਡੋਲ ਹੋ ਜਾਂਦਾ ਹੈ ਅਤੇ ਖੇਤੀ ਦਾ ਉਤਪਾਦਨ ਵੀ ਚਰਮ ਸੀਮਾਂ ਉਤੇ ਪਹੁੰਚ ਕੇ ਸਥਿਰ ਹੋ ਜਾਂਦਾ ਹੈ ਤਾਂ ਕਿਸਾਨੀ ਦਾ ਸੰਕਟ ਸ਼ੁਰੂ ਹੋ ਜਾਂਦਾ ਹੈ ਉਹੋ ਸ਼ਹਿਰੀਕਰਨ ਦੇ ਰਾਹ ਪਈ ਕਿਸਾਨੀ ਦੀ ਉਪਭੋਗੀ ਚੇਤਨਾ ਉਸ ਨੂੰ ਹਰ ਹੀਲੇ ਆਪਣਾ ਜੀਵਨ ਸਤਰ ਉੱਚਾ ਚੁੱਕਣ ਲਈ ਮਜਬੂਰ ਕਰਦੀ ਹੈ। ਸਿੱਟਾ ਕਿਸਾਨੀ ਦੇ ਬੈਂਕਾਂ ਅਤੇ ਆੜਤੀਆਂ ਦੇ ਕਰਜਿਆਂ ਹੇਠ ਆਉਣ ਵਿੱਚ ਨਿਕਲਦਾ ਹੈ। ਅਜਿਹੇ ਮੌਕੇ ਨਿੱਜੀਕਰਨ ਦੇ ਮਾਰਗ ਉੱਤੇ ਪਈ ਸਰਕਾਰ ਵੀ ਕਿਸਾਨੀ ਨੂੰ ਖੁੱਲ੍ਹੀ ਮੰਡੀ ਦੇ ਆਸਰੇ ਛੱਡ ਕੇ ਨੇਪਰੇ ਤੋ ਖੜਨ ਦੀਆਂ ਚਾਲਾਂ ਚੱਲਦੀ ਹੈ। – (2) ਅਜਿਹੀਆਂ ਮਾਰੂ ਸਥਿਤੀਆਂ ਦੀ ਘੁੰਮਣ ਘੇਰੀ ਵਿੱਚ ਫਸੀ ਨਿਮਨ ਕਿਸਾਨੀ ਨੂੰ ਕੋਈ ਬਦਲ ਨਜ਼ਰ ਨਹੀਂ ਆਉਂਦਾ। ਪੰਜਾਬ ਦੇ ਪੂੰਜੀਪਤੀ ਤੇ ਧਨੀ ਕਿਸਾਨ ਪੈਸੇ ਦੇ ਜ਼ੋਰ ਤੇ ਨਿਮਨ ਕਿਸਾਨੀ ਦੀ ਜ਼ਮੀਨ ਸਸਤੇ ਰੇਟਾਂ 'ਤੇ ਹਥਿਆ ਰਹੇ ਹਨ ਅਤੇ ਸਮੇਂ ਦੀਆਂ ਸਰਕਾਰਾਂ ਵੀ ਅਜਿਹੇ ਮੌਕੇ ਪੂੰਜੀਪਤੀਆਂ ਤੇ ਧਨੀ ਕਿਸਾਨੀ ਦੇ ਹੱਕ ਵਿੱਚ ਭੁਗਤੀਆਂ ਹਨ। ਅਸਲ ਵਿੱਚ ਤਾਂ ਸਾਰੀਆਂ ਸਰਕਾਰਾਂ ਕਿਸਾਨਾਂ ਦੀ ਲੁੱਟ ਕਰਦੀਆਂ ਹਨ। ਪਰ ਹਮੇਸ਼ਾ ਆਪਣੇ ਆਪ ਨੂੰ ਕਿਸਾਨਾਂ ਦੀਆਂ ਹਿੱਤੂ ਦਰਸਾਉਂਦੀਆਂ ਹਨ। ਕਿਸਾਨਾਂ ਦੀ ਮੰਦੀ ਹਾਲਤ ਕਾਰਨ ਉਹਨਾਂ ਦੀ ਸਰਕਾਰਾਂ ਵਲੋਂ ਕੀਤੀ ਲੁੱਟ ਹੁੰਦੀ ਹੈ ਪਰ ਹਮੇਸ਼ਾ ਸਰਕਾਰਾਂ ਕਿਸਾਨਾਂ ਸਿਰ ਦੋਸ਼ ਮੜਦੀਆਂ ਹਨ।–(3) ਨਿਮਨ ਕਿਸਾਨਾਂ ਕਿਰਤੀਆਂ ਦੇ ਸੰਕਟਾਂ ਨੂੰ ਦੂਰ ਕਰਨ ਦੀ ਬਿਜਾਏ ਸਮੇਂ ਦੀਆਂ ਸਰਕਾਰਾਂ ਭੂ ਮੰਡਲੀਕਰਨ, ਨਿਜੀਕਰਨ ਅਤੇ ਉਦਾਰੀਕਰਨ ਦੀਆਂ ਨੀਤੀਆਂ ਦੇ ਉਸੇ ਰਾਹੇ ਹੀ ਅੱਖਾਂ ਮੀਟ ਕੇ ਤੁਰ ਰਹੀਆਂ ਹਨ ਜਿਨ੍ਹਾਂ ਨੇ ਵਿਸ਼ਵ ਨੂੰ ਆਰਥਿਕ ਮੰਦਵਾੜੇ ਦੀ ਦਲਦਲ ਵਿੱਚ ਸੁੱਟਿਆ ਹੈ। ਇਨ੍ਹਾਂ ਨੀਤੀਆਂ ਨੇ ਪੂੰਜੀਪਤੀਆਂ ਦੇ ਵਿਹੜੇ 'ਚ ਦੌਲਤਾਂ ਦੇ ਅੰਬਾਰ ਲਾ ਦਿੱਤੇ ਹਨ ਪਰ ਕਿਰਤੀਆਂ ਕਿਸਾਨਾਂ ਦੇ ਵਿਹੜੇ ਝਾੜੂ ਨਾਲ ਹੂੰਝ ਦਿੱਤੇ। –(4) ਇਨ੍ਹਾਂ ਹੂੰਝੇ ਵੇਹੜਿਆਂ ਦਾ ਦੁਖਾਂਤ ਹੀ ਭੋਗ ਰਿਹਾ ਹੈ ਹਥਲੀ ਕਹਾਣੀ ਦਾ ਨਿਮਨ ਕਿਸਾਨ ਪਾਤਰ ਜੋ ਬਿਰਤਾਂਤਕਾਰ ਦੇ ਘਰ ਮਜਦੂਰੀ ਕਰਨ ਲਈ ਮਜਬੂਰ ਹੈ।

ਪੇਂਡੂ ਕਿਸਾਨ ਤੋਂ ਸ਼ਹਿਰੀ ਮਜ਼ਦੂਰ ਤੱਕ ਘਟਿਆ ਇਸ ਕਹਾਣੀ ਦਾ ਪਾਤਰ ਘਰ ਦੀਆਂ ਤੰਗੀਆਂ ਤੁਰਸ਼ੀਆਂ ਦਾ ਭੰਨਿਆ ਅਤਿ ਦੁਖਾਂਤਕ ਸਥਿਤੀਆਂ ਵਿੱਚੋਂ ਗੁਜ਼ਰ ਰਿਹਾ ਹੈ। ਦੋ ਜਵਾਨ ਧੀਆਂ ਤੇ ਇੱਕ ਪੁੱਤ ਦਾ ਪਿਉ ਪਰਿਵਾਰਕ ਗੁਜ਼ਾਰੇ ਲਈ ਹਰ ਹੀਲਾ ਵਰਤਦਾ ਹੈ। ਉਸ ਦੀ ਮਾਲਕੀ

ਵਾਲੀ ਤਿੰਨੇ ਕਿੱਲ੍ਹੇ ਜਮੀਨ ਵੀ ਸੇਮ ਦੇ ਪ੍ਰਭਾਵ ਕਾਰਨ ਬੰਜਰ ਹੋ ਗਈ ਹੈ। ਕਰਜ਼ੇ ਦੀ ਪੰਡ ਸਿਰ ਤੇ ਹੈ। ਧੀਆਂ ਨੂੰ ਵਿਆਹੁਣ ਤੇ ਪੁੱਤਰ ਨੂੰ ਪੜ੍ਹਾਉਣ ਦੇ ਚਾਅ ਅੰਦਰੋਂ ਅੰਦਰੀ ਨਪੀੜੇ ਜਾ ਰਹੇ ਹਨ। ਉਹ ਇਨ੍ਹਾਂ ਚਾਵਾਂ ਨੂੰ ਪੂਰੇ ਕਰਨ ਹਿੱਤ ਹੀ ਸ਼ਹਿਰ ਮਜ਼ਦੂਰੀ ਕਰਨ ਆਉਂਦਾ ਹੈ। ਸ਼ਹਿਰ ਵਿੱਚ ਮਜ਼ਦੂਰੀ ਕਰਨ ਤੋਂ ਇਲਾਵਾ ਉਸ ਨੂੰ ਕੋਈ ਹੋਰ ਬਦਲ ਨਜ਼ਰ ਵੀ ਨਹੀਂ ਆ ਰਿਹਾ। ਇਹ ਮਜ਼ਦੂਰੀ ਉਸ ਦੀ ਹੋਣੀ ਬਣ ਗਈ ਜਾਪਦੀ ਹੈ। ਇਸ ਦੇ ਬਾਵਜੂਦ ਉਹ ਆਪਣੇ ਅੰਦਰਲੀ ਜੱਟ ਵਾਦੀ ਹਾਉਂ ਨੂੰ ਵੀ ਮਰਨ ਨਹੀਂ ਦੇਣਾ ਚਾਹੁੰਦਾ। ਇਸ ਕਹਾਣੀ ਦੇ ਬਿਰਤਾਂਤਕ ਵੇਰਵਿਆਂ ਵਿੱਚ ਅਸੀਂ ਦੇਖਦੇ ਹਾਂ ਕਿ ਜਦੋਂ ਬਿਰਤਾਂਤਕਾਰ ਉਸ ਨੂੰ ਪਿੰਡੋਂ ਐਨੀ ਦੂਰ ਸ਼ਹਿਰ ਵਿੱਚ ਮਜ਼ਦੂਰੀ ਕਰਨ ਦੀ ਬਜਾਏ ਪਿੰਡ ਵਿੱਚ ਹੀ ਮਜਦੂਰੀ ਕਰਨ ਦਾ ਸੁਝਾਅ ਦਿੰਦਾ ਹੈ ਤਾਂ ਉਹ ਆਖਦਾ ਹੈ –

"ਸੱਚੀ ਗੱਲ ਐ, ਪਿੰਡ ਕਿਵੇ ਸ਼ਰੀਕ ਦੇ ਦਿਹਾੜੀ ਜਾ ਵੜੀਏ। ਜੱਟ ਦੇ ਪੁੱਤ ਨੂੰ ਦਿਹਾੜੀ ਕਰਨੀ ਬਹੁਤ ਔਖੀ ਐ। ਮਰਨ ਹੋ ਜਾਂਦਾ ਐ ਜੱਟ ਦੇ ਪੁੱਤ ਦਾ ਜਦੋਂ ਇਥੇ ਆ ਕੇ ਭਈਆ ਵਿੱਚ ਖੜੀਦਾ। ਖੈਰ ਸਾਡੇ ਪਿੰਡੋਂ ਤਾਂ ਮੈਂ ਇਕੱਲਾ ਹੀ ਆਉਂਦਾ ਹਾਂ। ਇਥੇ ਕਿਸੇ ਨੂੰ ਪਤਾ ਵੀ ਨਹੀਂ। ਪਰ ਆਪਣਾ ਅੰਦਰ ਤਾਂ ਮਰਿਆ ਰਹਿੰਦਾ ਹੈ। ਤਿੰਨ ਕਿੱਲੇ ਪੈਲੀ ਐ ਮੇਰੇ ਕੋਲ, ਅੱਗੇ ਤਾਂ ਪੰਜ ਚਾਰ ਕਿੱਲੇ ਹੋਰ ਹਿੱਸੇ ਠੇਕੇ ਤੇ ਲੈ ਕੇ ਗੁਜ਼ਾਰਾ ਕਰੀ ਜਾਈਦਾ ਸੀ, ਪਰ ਹੁਣ ਤਿੰਨ ਚਾਰ ਸਾਲ ਤੋਂ ਫਸਲ ਨਹੀਂ ਹੋਈ। ਨਰਮਾਂ ਵੀ ਹੋਣੋ ਹਟ ਗਿਆ। ਠੇਕੇ ਦੇ ਪੈਸੇ ਸਿਰ ਟੁੱਟਦੇ ਰਹੇ। ਚਾਲੀ ਪੰਜਾਹ ਹਜ਼ਾਰ ਕਰਜ਼ਾ ਦੇਣਾ ਹੈ। ਦੋ ਕੁੜੀਆਂ ਮੁਟਿਆਰ ਹੋਈਆਂ ਪਈਐ। ਮੁੰਡਾ ਅੱਠਵੀ ਚ ਪੜ੍ਹਦੈ ਰੋਜ਼ਾਨਾ ਕੋਈ ਨਾ ਕੋਈ ਕਾਪੀ ਕਿਤਾਬ ਮੰਗੀ ਰੱਖਦੈ। ਪੈਸੇ ਕਿੱਥੋਂ ਆਉਣ। ਮਜਬੂਰੀ ਵੱਸ ਦਿਹਾੜੀ ਕਰਨ ਆਉਣਾ ਪੈਂਦੈ"। ਤੇ। –(5)

ਇਉਂ ਇਹ ਕਹਾਣੀ ਨਿਮਨ ਕਿਸਾਨੀ ਦੇ ਉਨ੍ਹਾਂ ਸੰਕਟਾਂ ਨੂੰ ਪਾਠਕ ਦੇ ਸਨਮੁੱਖ ਲਿਆਉਂਦੀ ਹੈ ਜਿਨ੍ਹਾਂ ਦੀ ਗ੍ਰਿਫਤ ਵਿੱਚ ਆਇਆ ਨਿਮਨ ਕਿਸਾਨ ਸ਼ਹਿਰ ਵਿੱਚ ਮਜ਼ਦੂਰੀ ਕਰਨ ਲਈ ਮਜ਼ਬੂਰ ਹੋ ਜਾਂਦਾ ਹੈ। ਕਹਾਣੀ ਵਿੱਚ ਵਿਡੰਬਣਾ ਉਦੋਂ ਪੈਦਾ ਹੁੰਦੀ ਹੈ ਜਦੋਂ ਮਜ਼ਦੂਰੀ ਕਰ ਰਿਹਾ ਜੱਟ ਪਾਤਰ ਆਪਣੇ ਸ਼ਰੀਕ ਜੱਟਾਂ ਦੇ ਦਿਹਾੜੀ ਕਰਨ ਨੂੰ ਮਰਨ ਬਰਾਬਰ ਸਮਝਦਾ। ਪਰ ਸ਼ਹਿਰ ਵਿੱਚ ਜਿਸ ਬਿਰਤਾਂਤਕਾਰ ਦੇ ਘਰੇ ਉਹ ਦਿਹਾੜੀ ਕਰ ਰਿਹਾ ਹੈ ਉਹ ਵੀ ਉਸ ਦੇ ਗੁਆਂਢੀ ਪਿੰਡ ਦਾ ਹੀ ਜੱਟ ਹੈ। ਜਿਸ ਭ੍ਰਾਂਤੀ ਵਿੱਚ ਉਹ ਵਿਚਰ ਰਿਹਾ ਸੀ ਉਹ ਵੀ ਤਿੜਕ ਜਾਂਦੀ ਹੈ। ਬਿਰਤਾਂਤਕਾਰ ਉਸ ਤੋ ਉਹਦੇ ਪਿੰਡ ਦਾ ਨਾਂ ਤਾਂ ਪੁੱਛ ਲੈਂਦਾ ਹੈ ਪਰ ਆਪਣਾ ਨਹੀਂ ਦੱਸਦਾ। ਬਿਰਤਾਂਤਕਾਰ ਉਸ ਨੂੰ ਦਿਹਾੜੀ ਦੇ ਪੈਸੇ ਦਿੰਦਾ ਹੈ ਤੇ ਨਾਲ ਹੀ ਆਖ ਦਿੰਦਾ ਹੈ

" ਤੇ ਤੂੰ ਕੱਲ੍ਹ ਨਾਂ ਆਵੀਂ ।" –(6)

ਇਥੇ ਆਕੇ ਕਹਾਣੀ ਬੜੇ ਵੱਡੇ ਸਵਾਲ ਖੜੇ ਕਰਦੀ ਹੈ ਤੇ ਨਾਲ ਹੀ ਨਿਮਨ ਕਿਸਾਨੀ ਦੇ ਦੂਹਰੇ ਤੀਹਰੇ ਸੰਕਟਾਂ ਨੂੰ ਪਾਠਕ ਦੇ ਦ੍ਰਿਸ਼ਟੀਗੋਚਰ ਕਰਦੀ ਹੈ। ਸਮੇਂ ਦੀਆਂ ਸਰਕਾਰਾਂ ਦੀਆਂ ਵਿਸ਼ਵੀਕਰਨ, ਉਦਾਰੀਕਰਨ, ਨਿੱਜੀਕਰਨ ਦੀਆਂ ਨੀਤੀਆਂ ਤਹਿਤ ਪੰਜਾਬ ਦਾ ਖੇਤੀ ਅਰਥਚਾਰਾ ਪੂਰੀ ਤਰ੍ਹਾਂ ਡਗਮਗਾ ਗਿਆ ਹੈ। ਖੁੱਲੀ ਡੁੱਲ੍ਹੀ ਮੰਡੀ ਦੀ ਵਿਵਸਥਾ, ਬੇਲੋੜੇ ਮਸ਼ੀਨੀਕਰਨ ਤੇ ਖੇਤੀ ਲਾਗਤਾਂ ਨੇ ਕਿਸਾਨੀ ਨੂੰ ਗੰਭੀਰ ਸੰਕਟਾਂ ਵੱਲ ਧੱਕ ਦਿੱਤਾ ਹੈ। ਨਿਮਨ ਕਿਸਾਨ ਵਰਗ ਮਜਦੂਰ ਵਰਗ 'ਚ ਪਰਿਵਰਤਤ ਹੋ ਰਿਹਾ ਹੈ। ਇਸ ਵਰਗ ਪਰਿਵਰਤਨ ਨਾਲ ਸਮੁੱਚੀ ਕਿਸਾਨੀ ਦੀ ਤੋਰ ਡਗਮਗਾ ਗਈ ਹੈ। ਕਰਜ਼ੇ ਹੇਠ ਦਰੜਿਆ ਬੇਵੱਸ ਕਿਸਾਨ ਸੀਮਤ ਕੀਮਤਾਂ ਦੀ ਰਹਿੰਦ ਖੂਹਦ ਦੇ ਪ੍ਰਭਾਵ ਅਧੀਨ ਆਪਣਾ ਮਾਨਸਿਕ ਸੰਤੁਲਨ ਗਵਾ ਰਿਹਾ ਹੈ। ਤੇ। –(7) ਸਰਕਾਰਾਂ ਤਾਂ ਧਨੀ

ਕਿਸਾਨਾਂ ਦੇ ਹਿੱਤਾਂ ਲਈ ਨੀਤੀਆਂ ਘੜ ਹੀ ਰਹੀਆਂ ਹਨ। ਪਰ ਦੁੱਖ ਦੀ ਗੱਲ ਇਹ ਹੈ ਕਿ ਨਿਮਨ ਕਿਸਾਨੀ ਵਿਚੋਂ ਹੀ ਸਰਕਾਰੀ ਨੌਕਰੀਆਂ ਤੇ ਲੱਗੇ ਤੇ ਆਰਥਕ ਤੌਰ ਤੇ ਮਜਬੂਤ ਹੋਏ ਬਿਰਤਾਂਤਕਾਰ ਵਰਗੇ ਕਿਸਾਨੀ ਪਿਛੋਕੜ ਵਾਲੇ ਭਾਈ ਬੰਦ ਵੀ ਉਹਨਾਂ ਦੀ ਡੁਬਦੀ ਨਈਆ ਨੂੰ ਸਹਾਰਾ ਦੇ ਕੇ ਪਾਰ ਲਾਉਣ ਦੀ ਥਾਂ ਆਖੌਤੀ ਜਾਤੀ ਜਮਾਤੀ ਹਮਦਰਦੀ ਤੇ ਸਾਮੰਤੀ ਕਦਰਾਂ ਕੀਮਤਾਂ ਤਹਿਤ ਉਹਨਾਂ ਨੂੰ ਕੰਮ ਦੇਣ ਦੀ ਬਿਜਾਏ ਕੰਮ ਖੋਹ ਲੈਂਦੇ ਹਨ। ਅਜਿਹੀ ਸਥਿੱਤੀ ਵਿੱਚ ਨਿਮਨ ਕਿਸਾਨ ਨੂੰ ਕੋਈ ਰਾਹ ਨਜ਼ਰ ਨਹੀਂ ਆਉਂਦਾ ਤੇ ਉਹ ਘੋਰ ਸੰਕਟਾਂ ਦਾ ਭਾਗੀ ਬਣ ਜਾਂਦਾ ਹੈ।

ਮਾਲਵੇ ਦੀ ਨਿਮਨ ਕਿਸਾਨੀ ਲਈ ਦੁੱਖ ਸਿਰਫ ਆਪਣੇ ਢਿੱਡ ਦੀ ਭੁੱਖ ਤੇ ਕੈਂਸਰ ਵਰਗੀ ਨਾਂ ਮੁਰਾਦ ਬਿਮਾਰੀ ਦਾ ਹੀ ਨਹੀਂ ਸਗੋਂ ਉਸ ਲਈ ਬਿਪਤਾ ਆਪਣੇ ਬੱਚਿਆਂ ਦੀ ਪੜ੍ਹਾਈ ਅਤੇ ਪਾਲਣ ਪੋਸ਼ਣ ਦੀ ਵੀ ਹੈ, ਕੰਮੋ ਆਹਰੇ ਹੋਏ ਨਿਮਨ ਕਿਸਾਨ ਸਿਰ ਚੜ੍ਹੇ ਕਰਜ਼ੇ ਨੇ ਉਸ ਦੀਆਂ ਰਗਾਂ ਵਿੱਚ ਖੂਨ ਜਮਾ ਦਿੱਤਾ ਹੈ। ਕਰਜ਼ਾ ਸਿਰ ਤੇ ਹੋਣ ਕਾਰਨ ਰਿਸ਼ਤੇਦਾਰ, ਦੋਸਤ, ਮਿੱਤਰ ਅਤੇ ਸਕੇ ਸੰਬੰਧੀ ਸਾਰੇ ਹੀ ਅੱਖਾਂ ਫ਼ੇਰ ਲੈਂਦੇ ਹਨ। ਤੇ। -(8) ਅਜਿਹੀਆਂ ਸਥਿੱਤੀਆਂ ਦੀ ਮਾਰ ਝੱਲਦੀ ਹੋਈ ਨਿਮਨ ਕਿਸਾਨੀ ਮਜਦੂਰ ਜਮਾਤ ਤੱਕ ਘਟ ਜਾਂਦੀ ਹੈ। ਆਰਥਿਕ ਤੰਗੀਆਂ ਤੁਰਸੀਆਂ ਜਦੋ ਵਿਕਰਾਲ ਰੂਪ ਧਾਰਨ ਕਰ ਲੈਂਦੀਆਂ ਹਨ ਤਾਂ ਨਿਮਨ ਕਿਸਾਨ ਆਤਮ ਹੱਤਿਆ ਨੂੰ ਸੌਖੇ ਬਦਲ ਵਜੋਂ ਸਵੀਕਾਰ ਲੈਂਦਾ ਹੈ, ਅਜਿਹੇ ਕਿਸਾਨਾਂ ਦੇ ਪਰਿਵਾਰ ਹੋਰ ਗਹਿਰੇ ਸੰਕਟਾਂ ਦੀ ਮਾਰ ਝੱਲਦੇ ਹਨ ਜਿਨ੍ਹਾਂ ਨੂੰ ਨੇੜ ਭਵਿੱਖ ਕੋਈ ਆਸਰਾ ਨਜ਼ਰ ਨਹੀਂ ਆਉਂਦਾ। ਇਨ੍ਹਾਂ ਮੁੱਦਿਆਂ ਨੂੰ ਸਮੱਗਰਤਾ ਨਾਲ ਪਾਠਕ ਦੇ ਸਨਮੁੱਖ ਕਰਨ ਵਿਚ ਹੀ ਹਥੱਲੀ ਕਹਾਣੀ ਦੀ ਪ੍ਰਾਪਤੀ ਨਜ਼ਰ ਆਉਂਦੀ ਹੈ। ਇਉਂ ਇਹ ਕਹਾਣੀ ਪੰਜਾਬ ਦੀ ਨਿਮਨ ਕਿਸਾਨੀ ਦੇ ਜੀਵਨ ਯਥਾਰਤ ਨੂੰ ਆਪਣੇ ਫੋਕਸ ਵਿੱਚ ਰੱਖਦੀ ਹੋਈ ਇਸ ਕਰੂਰ ਯਥਾਰਥ ਨੂੰ ਸਿਰਜਨ ਵਾਲੀਆਂ ਧਿਰਾਂ ਦੀ ਵੀ ਨਿਸ਼ਾਨਦੇਹੀ ਕਰਦੀ ਹੈ। ਬਣਤਰ ਤੇ ਬੁਣਤਰ ਦੇ ਪੱਖੋਂ ਹੌਲੀ ਹੋਣ ਦੇ ਬਾਵਜੂਦ ਵੀ ਇਹ ਕਹਾਣੀ ਵਿਸ਼ੇ ਵਸਤੂ ਦੇ ਜਾਵੀਏ ਤੋਂ ਬਹੁਤ ਪ੍ਰਭਾਵਸ਼ਾਲੀ ਹੋ ਨਿਬੜਦੀ ਹੈ। ।

## ਹਵਾਲੇ ਅਤੇ ਟਿੱਪਣੀਆਂ


1 ਡਾ: ਬ੍ਰਹਮਜਗਦੀਸ਼ ਸਿੰਘ, ਤੂੰ ਕੱਲ੍ਹ ਨਾਂ ਆਵੀ, ਪੰਨਾ 8

2 ਡਾ: ਬਲਦੇਵ ਸਿੰਘ ਧਾਲੀਵਾਲ, ਪੰਜਾਬੀ ਬਿਰਤਾਂਤਕ ਪ੍ਰਵਚਨ ਪੰਨਾ 123

3 ਡਾ: ਰਾਜਿੰਦਰਪਾਲ ਸਿੰਘ, ਕ੍ਰਿਸਾਨਾਂ ਦੇ ਦੁੱਖੜੇ ਪ੍ਰੋ: ਬ੍ਰਿਜ਼ ਨਰਾਇਣ ਪੰਨੇ 7-8

4 ਸੁਰਿੰਦਰ ਮਚਾਕੀ, ਪੰਜਾਬੀ ਟ੍ਰਿਬਿਊਨ, 18 ਮਈ 2012

5 ਡਾ: ਹਰਜਿੰਦਰ ਸਿੰਘ ਸੂਰੇਵਾਲੀਆ, ਤੂੰ ਕੱਲ੍ਹ ਨਾਂ ਆਵੀਂ ਪੰਨਾ 38

6 ਉਹੀ, ਪੰਨਾ 41

7 ਭੋਲਾ ਸਿੰਘ ਸੰਘੇੜਾ, ਢਲਦੀ ਦੁਪਹਿਰ, ਪੰਨਾ 8

8 ਦਿਲਬਾਗ ਸਿੰਘ ਹਰੀਗੜ੍ਹ, ਪੰਜਾਬੀ ਟ੍ਰਿਬਿਊਨ, 18 ਫਰਵਰੀ 2012